**Please print the letter below and photocopy onto school letterhead before distribution**

ਹਾਲੀਆ ਭਾਈਚਾਰਕ ਘਟਨਾਵਾਂ ਬਾਰੇ ਮਾਪਿਆਂ ਨੂੰ ਪੱਤਰ
Letter to parents regarding recent community events

ਪਿਆਰੇ ਮਾਪੇ/ਸੰਭਾਲਕਰਤਾ

ਹਾਲੀਆ ਭਾਈਚਾਰਕ ਘਟਨਾਵਾਂ ਦੇ ਪ੍ਰਤਿਕਰਮ ਵਿਚ ਤੁਹਾਡੇ ਸਕੂਲ ਨੇ ਹੇਠ ਲਿੱਖੇ ਕਦਮ ਚੁੱਕੇ ਹਨ।

ਵਿਦਿਆਰਥੀਆਂ ਨੂੰ ਦੁਬਾਰਾ ਭਰੋਸਾ ਦਿਵਾਇਆ ਹੈ ਕਿ ਸਕੂਲ ਸਾਰਿਆਂ ਵਾਸਤੇ ਸੁਰੱਖਿਅਤ ਵਾਤਾਵਰਨ ਦਾ ਸਥਾਨ ਬਣਿਆ ਰਹੇਗਾ। ਵਿਦਿਆਰਥੀਆਂ ਨੂੰ ਵਿਦਿਆਰਥੀ ਭਲਾਈ ਅਤੇ ਨਸਲਵਾਦ-ਵਿਰੋਧੀ ਨੀਤੀਆਂ ਦੇ ਪ੍ਰਬੰਧਾਂ ਬਾਰੇ ਯਾਦ ਕਰਾਇਆ ਗਿਆ ਹੈ ਜੋ ਇਹ ਯਕੀਨੀ ਬਣਾਉਂਦੇ ਹਨ ਕਿ ਜੇਕਰ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਵਿਅਕਤੀਗਤ ਛੇੜਛਾੜ ਦਾ ਸਾਮ੍ਹਣਾ ਕਰਨਾਂ ਪੈਂਦਾ ਹੈ ਤਾਂ ਉਨ੍ਹਾਂ ਦੀ ਪੂਰੀ-ਪੂਰੀ ਸਹਾਇਤਾ ਕੀਤੀ ਜਾਵੇਗੀ।

ਵਿਦਿਆਰਥੀਆਂ ਨੂੰ ਮੌਕਾ ਦਿਤਾ ਗਿਆ ਹੈ ਕਿ ਉਹ ਆਪਣੀਆਂ ਭਾਵਨਾਵਾਂ ਬਾਰੇ ਗੱਲ ਕਰਨ ਅਤੇ ਇਹ ਵੀ ਯਾਦ ਕਰਾਇਆ ਗਿਆ ਕਿ ਜੇਕਰ ਉਹ ਫਿਕਰਮੰਦ ਜਾਂ ਪਰੇਸ਼ਾਨ ਹਨ ਤਾਂ ਉਹ ਸਕੂਲ ਦੇ ਸਲਾਹਕਾਰ ਜਾਂ ਸਕੂਲ ਦੇ ਦੂਜੇ ਕਰਮਚਾਰੀ ਨਾਲ ਗੱਲਬਾਤ ਕਰ ਸਕਦੇ ਹਨ, ਹਰੇਕ ਲੋੜਵੰਦ ਵਿਦਿਆਰਥੀ ਨੂੰ ਜਾਰੀ ਸਹਿਯੋਗ ਦੀ ਪੇਸ਼ਕਸ਼ ਕੀਤੀ ਜਾਵੇਗੀ।

ਜੇਕਰ ਤੁਸੀਂ ਆਪਣੇ ਬੱਚਿਆਂ ਨਾਲ ਇਹਨਾਂ ਘਟਨਾਵਾਂ ਬਾਰੇ ਗਲ ਕਰੋ ਅਤੇ ਉਹਨਾਂ ਨੂੰ ਉਤਸ਼ਾਹ ਦਿਓ ਕਿ ਉਹ ਸਕੂਲ ਅਤੇ ਸਮੁੱਚੇ ਸਮਾਜ, ਦੋਵਾਂ ਵਿਚ ਲੋਕਾਂ ਪ੍ਰਤੀ ਸਹਿਨਸ਼ੀਲ ਅਤੇ ਸਨੇਹੀ ਬਣਨ ਤਾਂ ਇਹ ਲਾਭਦਾਇਕ ਹੋਵੇਗਾ।

ਜਿਹੜੇ ਬੱਚੇ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕਰਦੇ ਹਨ ਉਹਨਾਂ ਵਾਸਤੇ ਘਰ ਵਿਚ ਸਧਾਰਣ ਰੂਟੀਨ ਅਤੇ ਦਿਲਚਸਪੀਆਂ ਨੂੰ ਕਾਇਮ ਰੱਖਣਾ ਲਾਭਦਾਇਕ ਹੁੰਦਾ ਹੈ।

ਜੇਕਰ ਤੁਹਾਨੂੰ ਆਪਣੇ ਬੱਚੇ/ਬੱਚੀ ਬਾਰੇ ਕੋਈ ਖਾਸ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਅਤੇ ਜਿੰਨੀ ਜਲਦੀ ਹੋ ਸਕੇਗਾ ਸਹਾਇਤਾ ਉਪਲਬਧ ਕਰਾਈ ਜਾਵੇਗੀ।

ਜੇ ਤੁਹਾਨੂੰ ਸਕੂਲ ਨਾਲ ਸੰਪਰਕ ਕਰਨ ਲਈ ਦੁਭਾਸ਼ੀਏ ਦੀ ਲੋੜ ਹੈ, ਕਿਰਪਾ ਕਰਕੇ ਟੈਲੀਫੋਨ ਇੰਟਰਪਰੈਟਰ ਸਰਵਿੱਸ ਨੂੰ 131 450 ਤੇ ਫੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਆਪਰੇਟਰ ਤੁਹਾਡੀ ਗਲਬਾਤ ਵਿੱਚ ਸਹਾਇਤਾ ਲਈ ਦੁਭਾਸ਼ੀਏ ਨੂੰ ਲਾਈਨ ਉਤੇ ਲਿਆਵੇਗਾ। ਤੁਹਾਡੇ ਤੋਂ ਇਸ ਸੇਵਾ ਲਈ ਕੋਈ ਫੀਸ ਵਸੂਲ ਨਹੀਂ ਕੀਤੀ ਜਾਵੇਗੀ।

ਤੁਹਾਡਾ ਸ਼ੁਭ ਚਿੰਤਕ

ਪ੍ਰਿੰਸੀਪਲ (Principal)